# 38th Meeting of Ministerial level Joint Rivers Commission of India and Bangladesh held at New Delhi

August 26, 2022

## ਨਵੀਂ ਦਿੱਲੀ ਵਿਖੇ ਹੋਈ ਭਾਰਤ ਅਤੇ ਬੰਗਲਾਦੇਸ਼ ਦੇ ਮੰਤਰੀ ਪੱਧਰੀ ਸਾਂਝਾ ਨਦੀ ਕਮਿਸ਼ਨ ਦੀ 38ਵੀਂ ਬੈਠਕ

**26 ਅਗਸਤ, 2022**

ਭਾਰਤ ਅਤੇ ਬੰਗਲਾਦੇਸ਼ ਦੇ ਮੰਤਰੀ ਪੱਧਰੀ ਸਾਂਝਾ ਨਦੀ ਕਮਿਸ਼ਨ ਦੀ 38ਵੀਂ ਬੈਠਕ 25 ਅਗਸਤ, 2022 ਨੂੰ ਨਵੀਂ ਦਿੱਲੀ ਵਿਖੇ ਹੋਈ। ਭਾਰਤੀ ਵਫ਼ਦ ਦੀ ਅਗਵਾਈ ਕੇਂਦਰੀ ਜਲ ਸ਼ਕਤੀ ਮੰਤਰੀ ਸ੍ਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕੀਤੀ। ਬੰਗਲਾਦੇਸ਼ ਦੇ ਵਫ਼ਦ ਦੀ ਅਗਵਾਈ ਜਲ ਸਰੋਤ ਰਾਜ ਮੰਤਰੀ ਸ੍ਰੀ ਜ਼ਾਹਿਦ ਫਾਰੂਕ ਨੇ ਕੀਤੀ। ਬੰਗਲਾਦੇਸ਼ ਦੇ ਵਫ਼ਦ ਵਿੱਚ ਜਲ ਸਰੋਤ ਉਪ ਮੰਤਰੀ ਸ੍ਰੀ ਏ.ਕੇ.ਐਮ. ਐਨਾਮੁਲ ਹੱਕ ਸ਼ਮੀਮ ਵੀ ਸ਼ਾਮਲ ਸਨ। ਇਹ ਬੈਠਕ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ 12 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਹੋਈ ਹੈ, ਹਾਲਾਂਕਿ JRC ਦੇ ਢਾਂਚੇ ਦੇ ਤਹਿਤ ਤਕਨੀਕੀ ਗੱਲਬਾਤ ਵਿਚਕਾਰਲੇ ਸਮੇਂ ਵਿੱਚ ਜਾਰੀ ਰਹੀ ਹੈ। ਇਹ ਬੈਠਕ ਮੰਗਲਵਾਰ, 23 ਅਗਸਤ, 2022 ਨੂੰ ਜਲ ਸਰੋਤ ਸਕੱਤਰ-ਪੱਧਰੀ ਗੱਲਬਾਤ ਤੋਂ ਪਹਿਲਾਂ ਹੋਈ ਸੀ।

ਦੁਵੱਲੀ ਬੈਠਕ ਦੌਰਾਨ ਆਪਸੀ ਹਿੱਤਾਂ ਦੇ ਕਈ ਮੌਜੂਦਾ ਦੁਵੱਲੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਨ੍ਹਾਂ ਵਿੱਚ ਸਾਂਝੇ ਦਰਿਆਵਾਂ ਦੇ ਦਰਿਆਈ ਪਾਣੀ ਦੀ ਵੰਡ, ਹੜ੍ਹਾਂ ਦੇ ਅੰਕੜੇ ਸਾਂਝੇ ਕਰਨ, ਦਰਿਆਈ ਪ੍ਰਦੂਸ਼ਣ ਨਾਲ ਨਜਿੱਠਣ, ਸੈਡੀਮੈਂਟੇਸ਼ਨ ਪ੍ਰਬੰਧਨ 'ਤੇ ਸਾਂਝੇ ਅਧਿਐਨ ਕਰਨ, ਨਦੀ ਕੰਢੇ ਸੁਰੱਖਿਆ ਕਾਰਜ ਆਦਿ ਸ਼ਾਮਲ ਹਨ। ਕੁਸ਼ੀਆਰਾ ਨਦੀ ਦੇ ਅੰਤਰਿਮ ਪਾਣੀ ਦੀ ਵੰਡ ਬਾਰੇ ਸਹਿਮਤੀ ਪੱਤਰ ਨੂੰ ਅੰਤਿਮ ਰੂਪ ਦਿੱਤਾ ਗਿਆ। ਦੋਵਾਂ ਪੱਖਾਂ ਨੇ ਇਸ ਵਿਸ਼ੇ 'ਤੇ ਅਕਤੂਬਰ, 2019 ਦੇ ਭਾਰਤ-ਬੰਗਲਾਦੇਸ਼ ਸਮਝੌਤੇ ਅਨੁਸਾਰ ਤ੍ਰਿਪੁਰਾ ਦੇ ਸਬਰੂਮ ਕਸਬੇ ਦੀਆਂ ਪੀਣ ਵਾਲੇ ਪਾਣੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਫੇਨੀ ਨਦੀ 'ਤੇ ਪਾਣੀ ਦੇ ਦਾਖਲੇ ਦੇ ਸਥਾਨ ਦੇ ਡਿਜ਼ਾਈਨ ਅਤੇ ਸਥਾਨ ਨੂੰ ਅੰਤਿਮ ਰੂਪ ਦੇਣ ਦਾ ਵੀ ਸਵਾਗਤ ਕੀਤਾ।

ਸਹਿਯੋਗ ਦੇ ਮਹੱਤਵਪੂਰਨ ਖੇਤਰਾਂ ਵਿੱਚ ਸ਼ਾਮਲ ਇੱਕ ਖੇਤਰ, ਜਿਸ ਮਾਮਲੇ 'ਚ ਭਾਰਤ ਬੰਗਲਾਦੇਸ਼ ਦੀ ਸਹਾਇਤਾ ਕਰ ਰਿਹਾ ਹੈ, ਅਸਲ ਸਮੇਂ ਵਿੱਚ ਹੜ੍ਹਾਂ ਦੇ ਅੰਕੜਿਆਂ ਨੂੰ ਸਾਂਝਾ ਕਰਨਾ ਹੈ। ਭਾਰਤ ਨੇ ਹਾਲ ਹੀ ਵਿੱਚ ਹੜ੍ਹਾਂ ਦੇ ਅੰਕੜਿਆਂ ਨੂੰ ਸਾਂਝਾ ਕਰਨ ਦੀ ਮਿਆਦ ਨੂੰ 15 ਅਕਤੂਬਰ ਤੋਂ ਅੱਗੇ ਵਧਾ ਦਿੱਤਾ ਹੈ ਤਾਂ ਜੋ ਬੰਗਲਾਦੇਸ਼ ਨੂੰ ਅਣਕਿਆਸੇ ਹੜ੍ਹ ਦੀਆਂ ਘਟਨਾਵਾਂ ਨਾਲ ਨਜਿੱਠਣ ਵਿੱਚ ਮਦਦ ਕੀਤੀ ਜਾ ਸਕੇ।

ਭਾਰਤ ਅਤੇ ਬੰਗਲਾਦੇਸ਼ ਦਰਮਿਆਨ 54 ਦਰਿਆ ਸਾਂਝਾ ਹਨ, ਜਿਨ੍ਹਾਂ ਵਿੱਚੋਂ ਪਹਿਲ ਦੇ ਆਧਾਰ 'ਤੇ 7 ਦਰਿਆਵਾਂ ਦੇ ਜਲ ਵੰਡ ਸਮਝੌਤਿਆਂ ਦੇ ਢਾਂਚੇ ਨੂੰ ਵਿਕਸਤ ਕਰਨ ਲਈ ਪਹਿਲਾਂ ਪਛਾਣ ਕੀਤੀ ਗਈ ਹੈ। ਬੈਠਕ ਦੌਰਾਨ ਡਾਟਾ ਐਕਸਚੇਂਜ ਲਈ 8 ਹੋਰ ਦਰਿਆਵਾਂ ਨੂੰ ਸ਼ਾਮਲ ਕਰਕੇ ਚੱਲ ਰਹੇ ਸਹਿਯੋਗ ਦੇ ਇਸ ਖੇਤਰ ਨੂੰ ਵਧਾਉਣ ਕਰਨ 'ਤੇ ਸਹਿਮਤੀ ਬਣੀ ਹੈ। JRC ਦੀ ਤਕਨੀਕੀ ਪੱਧਰੀ ਕਮੇਟੀ ਵਿੱਚ ਇਸ ਮਾਮਲੇ 'ਤੇ ਹੋਰ ਚਰਚਾ ਕੀਤੀ ਜਾਵੇਗੀ।

ਭਾਰਤ ਅਤੇ ਬੰਗਲਾਦੇਸ਼ ਦੇ ਸਾਂਝੇ ਨਦੀ ਕਮਿਸ਼ਨ ਦੀ ਸਥਾਪਨਾ 1972 ਵਿੱਚ ਸਾਂਝੀ/ਸਰਹੱਦ/ਸਰਹੱਦੀ ਦਰਿਆਵਾਂ 'ਤੇ ਆਪਸੀ ਹਿੱਤਾਂ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਦੁਵੱਲੇ ਢਾਂਚੇ ਵਜੋਂ ਕੀਤੀ ਗਈ ਸੀ।

ਨਵੀਂ ਦਿੱਲੀ

26 ਅਗਸਤ, 2022

DISCLAIMER: This is an approximate translation. The original is available in English on MEA’s website and may be referred to as the official press release.